# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ.ਓ. ਨੰ 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ 0172-5015864, 5015865, ਫੈਕਸ: 0172-2624687**


ਵੱਲ

ਸਮੂਹ ਪ੍ਰਾਇਮਰੀ ਸਕੂਲ ਮੁਖੀ ਸਾਹਿਬਾਨ,
ਪੰਜਾਬ (ਵੈਬਸਾਇਟ ਰਾਹੀਂ)

ਪੱਤਰ ਨੰ: ਸ.ਸ.ਅ/ਏ.ਐੱਸ.ਪੀ.ਡੀ (ਮੀਡੀਆ)/2013/4122 ਮਿਤੀ: 27.02.13

ਪਿਆਰੇ ਅਧਿਆਪਕ ਸਾਥੀਓ,

ਪ੍ਰਵੇਸ਼ ਪ੍ਰਾਜੈਕਟ ਤਹਿਤ ਤੁਹਾਡੀ ਮਿਹਨਤ ਨਾਲ 20 ਫਰਵਰੀ ਨੂੰ ਮਨਾਇਆ ਗਿਆ ਸਲਾਨਾ ਸਮਾਰੋਹ ਦਿਵਸ ਪ੍ਰਾਇਮਰੀ ਸਿੱਖਿਆ ਦੇ ਇਤਿਹਾਸ ਵਿਚ ਵੱਡੀ ਘਟਨਾ ਹੋ ਗੁਜਰੀ। ਭਵਿੱਖ ਦੇ ਸਿਰਜਕ ਇਹਨਾਂ ਨੰਨ੍ਹੇ ਮੁੰਨੇ ਬੱਚਿਆਂ ਵਿੱਚੋਂ ਜਿਸ ਪ੍ਰਕਾਰ ਦੀ ਸਿਰਜਣਾ ਤੁਸੀਂ ਬਾਹਰ ਕੱਢੀ ਹੈ, ਉਹ ਕਾਬਿਲੇ ਤਾਰੀਫ਼ ਅਤੇ ਬਾਕਮਾਲ ਹੈ।

ਅੱਜ ਜਦੋਂ ਆਮ ਤੌਰ 'ਤੇ ਸਮਾਜਕ ਜੀਵਨ ਵਿੱਚ ਸਵੈ-ਕੇਂਦਰਿਤ ਹੋਣ ਦੀ ਕਰੁਚੀ ਜ਼ੋਰ ਫੜ੍ਹ ਰਹੀ ਹੈ ਤਾਂ ਸਾਡੇ ਸਮਾਜ ਦੇ ਭਵਿੱਖ ਦੀ ਇਸ ਪੀੜ੍ਹੀ ਵੱਲੋਂ ਸਾਡੀ ਵਿਰਾਸਤ, ਸਭਿਆਚਾਰ, ਉੱਜਲ ਭਵਿੱਖ ਦੇ ਸੁਪਨਿਆਂ ਤੇ ਹੋਰ ਸਮਾਜਕ ਸਰੋਕਾਰਾਂ ਨਾਲ ਜੁੜਨ ਦੇ ਅਜਿਹੇ ਸ਼ਲਾਘਾਯੋਗ ਉਪਰਾਲਿਆਂ ਅੰਦਰ ਵੱਡੀਆਂ ਹਾਂ-ਪੱਖੀ ਸੰਭਾਵਨਾਵਾਂ ਲਈ ਹੁੰਗਾਰਾ ਬਣਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਬੰਧੀ ਤੁਹਡੀ ਕੀਤੀ ਗਈ ਮਿਹਨਤ ਅਤੇ ਬੱਚਿਆਂ ਦੀ ਕਾਰਗੁਜ਼ਾਰੀ ਲਾ-ਮਿਸਾਲ ਹੈ ।

ਮੈਂ ਨਿੱਜੀ ਤੌਰ ਤੇ ਤੁਹਾਡੀ ਇਸ ਉਪਲਬਧੀ ਨੂੰ ਹੇਠ ਲਿਖੇ ਦ੍ਰਿਸ਼ਟੀਕੋਣਾਂ ਤੋਂ ਬਹੁਤ ਵੱਡੀ ਮੰਨਦਾ ਹਾਂ:

- ਪਹਿਲੀ ਵਾਰ ਏਨੀ ਵੱਡੀ ਗਿਣਤੀ ਵਿਚ ਬੱਚਿਆਂ ਦੇ ਮਾਪੇ ਅਤੇ ਨੁਮਾਇੰਦਿਆਂ ਨੇ ਅਜਿਹੇ ਪ੍ਰੋਗਰਾਮਾਂ ਵਿਚ ਸ਼ਿਰਕਤ ਕੀਤੀ ਹੈ।
- ਮਾਪਿਆਂ ਦੇ ਚਿਹਰਿਆਂ ਤੇ ਜੋ ਖਾਸ ਕਿਸਮ ਦੀ ਖੁਸ਼ੀ ਅਤੇ ਉਤਸ਼ਾਹ ਸੀ, ਉਸ ਨੇ ਭਵਿੱਖ ਵਿਚ ਸਾਡੀ ਧਿਰ ਬਣਨਾ ਹੈ।
- ਕਮਿਊਨਿਟੀ ਦੁਆਰਾ ਵੱਡੇ ਪੱਧਰ ਤੇ ਬੱਚਿਆਂ ਦੀ ਹੌਸਲਾ ਅਫਜਾਈ ਕਰਨਾ, ਸਕੂਲ ਦੀ ਮਾਲੀ ਮਦਦ ਕਰਨਾ ਬਹੁਤ ਵੱਡੀ ਗੱਲ ਹੈ।
- ਹੋਰ ਥਾਵਾਂ ਤੇ ਪੜ੍ਹਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਨ ਲਾਉਣ ਦੇ ਵਾਅਦੇ ਕਰਨਾ ਵੀ ਤੁਹਾਡੀ ਅਹਿਮ ਪ੍ਰਾਪਤੀ ਹੈ।
- ਸਭ ਤੋਂ ਵੱਡੀ ਗੱਲ ਬੱਚਿਆਂ ਅੰਦਰੋਂ ਉਹਨਾਂ ਦੇ ਵਿਸ਼ੇਸ਼ ਹੁਨਰਾਂ ਦੀ ਤਲਾਸ਼ ਕਰਨੀ ਤੁਹਾਡੀ ਗਿਣਨਯੋਗ ਅਤੇ ਮਾਨਣਯੋਗ ਪ੍ਰਾਪਤੀ ਹੈ।
- ਇਸ ਪ੍ਰਕਿਰਿਆ ਵਿਚ ਤੁਹਾਡੇ ਅੰਦਰ ਜੋ ਸਿਰਜਣਾਤਮਕਤਾ ਆਈ ਹੈ ਅਤੇ ਜੋ ਪ੍ਰਬੰਧਕੀ ਅਨੁਭਵ ਤੁਹਾਨੂੰ ਪ੍ਰਾਪਤ ਹੋਇਆ ਹੈ, ਉਹ ਵੀ ਮੇਰੀ ਨਜ਼ਰ ਵਿਚ ਬਹੁਤ ਵੱਡੀ ਗੱਲ ਹੈ।

ਮੈ ਇਹ ਆਸ ਕਰਦਾ ਹਾਂ ਕਿ ਤੁਸੀਂ ਇਸ ਭਾਵਨਾ ਨੂੰ ਕਾਇਮ ਰੱਖਦੇ ਹੋਏ ਨਾ ਕੇਵਲ ਬੱਚਿਆਂ ਦੀ ਅਜਿਹੀ ਸਿਰਜਣਾਤਮਕਤਾ ਨੂੰ ਬਣਾਈਂ ਰੱਖੋਗੇ ਬਲਕਿ ਪ੍ਰਵੇਸ਼ ਦੇ 'ਸਿਜਣਾਤਮਕ ਸਿੱਖਿਆ ਮਾਡਲ' ਦੇ ਤਹਿਤ ਜਮਾਤ ਦੇ ਮਾਹੌਲ ਨੂੰ ਵੀ ਇਸੇ ਤਰ੍ਹਾਂ ਸਿਰਜਣਤਾਮਕ ਬਣਾ ਕੇ ਰੱਖੋਗੇ।

ਪ੍ਰਵੇਸ਼ ਪ੍ਰਾਜੈਕਟ ਤਹਿਤ ਕੀਤੀ ਜਾਣ ਵਾਲੀ ਅੰਤਿਮ ਜਾਂਚ ਹੁਣ ਬਿਲਕੁੱਲ ਨੇੜੇ ਹੈ। ਮੈਂਨੂੰ ਇਹ ਵੀ ਪੂਰੀ ਉਮੀਦ ਹੈ ਕਿ ਤੁਸੀਂ ਬੱਚਿਆਂ ਦੇ ਅਕਾਦਮਿਕ ਟੀਚਿਆਂ ਨੂੰ ਧਿਆਨ ਵਿਚ ਰੱਖਕੇ ਪੂਰੀ ਮਿਹਨਤ ਕਰਦੇ ਹੋਏ ਪੰਜਾਬ ਨੂੰ ਪ੍ਰਾਇਮਰੀ ਸਿੱਖਿਆ ਦੇ ਇਤਿਹਾਸ ਵਿਚ ਬੁਲੰਦੀਆਂ ਤੇ ਲੈ ਕੇ ਜਾਓਗੇ।

ਇਸ ਆਸ ਨਾਲ।

**ਕੇ.ਐੱਸ.ਪੰਨੂੰ, ਆਈ.ਏ.ਐੱਸ.**
**ਸਕੱਤਰ -ਕੱਮ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**